# ਕਾਟਨ ਯਾਰਡ 'ਤੇ ਲੱਗੇ ਤੋਲ ਵਾਲੇ ਕੰਡੇ ਦੀਆਂ ਬਰੇਕਾਂ ਫੇਲ੍ਹ

## ਲੱਖਾਂ ਰੁਪਏ ਦੀ ਲਾਗਤ ਨਾਲ ਤਿਆਰ ਕੰਡੇ ਨੂੰ ਚਲਾਉਣ ਲਈ ਕੋਈ ਪ੍ਰਪੋਜ਼ਲ ਨਹੀਂ

**ਕੋਟਕਪੂਰਾ/24 ਜੁਲਾਈ/ਰਿੰਕੂ ਮਲਹੋਤਰਾ**

ਹੈਰਾਨੀ ਵਾਲੀ ਗੱਲ ਹੈ ਕਿ ਜਿਸ ਸਥਾਨ ਦੀ ਵਰਤੋਂ ਕੀਤੀ ਜਾ ਰਹੀ ਹੋਵੇ ਉਸ ਸਥਾਨ ਤੇ ਤੋਲ ਵਾਲਾ ਕੰਡਾ ਲੱਗਾ ਹੋਵੇ ਪਰ ਕੰਡੇ ਤੇ ਨਾਲ ਲੰਘਦੀਆਂ ਵੱਖ ਵੱਖ ਸਮਾਨ ਦੀਆਂ ਟਰਾਲੀਆਂ ਦਾ ਉਕਤ ਕੰਡੇ ਤੇ ਤੋਲ ਨਾ ਹੋਵੇ ਬੜੀ ਹੈਰਾਨੀ ਅਤੇ ਕਥਿਤ ਮਿਲੀਭੁਗਤ ਵੱਲ ਵਾਰ-ਵਾਰ ਇਸ਼ਾਰਾ ਕਰ ਰਿਹਾ ਹੈ। ਜਿਸ ਤੋਂ ਮਾਰਕਿਟ ਕਮੇਟੀ ਨੂੰ ਲੱਖਾਂ ਰੁਪਏ ਆਮਦਨ ਹੋ ਸਕਦੀ ਹੈ ਪਰ ਉਸ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ, ਜਦਕਿ ਹੁਣ ਮਾਰਕਿਟ ਕਮੇਟੀ ਆਮਦਨ ਵਿਚ ਵਾਧਾ ਕਰਨ ਲਈ ਨਵੇ ਰਾਹ ਲੱਭ ਰਹੀ ਹੈ।

ਉਕਤ ਸ਼ਬਦਾਂ ਦਾ ਪ੍ਰਗਟਾਵਾ ਮਲਕੀਤ ਸਿੰਘ ਮੀਤਾ ਨੇ ਕਰਦਿਆਂ ਕਿਹਾ ਕਿ 2007 ਵਿਚ ਲੱਖਾਂ ਰੁਪਏ ਦੀ ਲਾਗਤ ਨਾਲ ਮੰਡੀ ਵਿਚ ਤੋਲ ਤੁਲਾਈ ਵਾਲਾ ਕੰਡਾ ਬਣਾਇਆ ਗਿਆ, ਪਰ ਹਾਲੇ ਤੱਕ ਇਕ ਵਾਰੀ ਵੀ ਚਲਾਉਣ ਲਈ ਮਾਰਕਿਟ ਕਮੇਟੀ ਕੋਟਕਪੂਰਾ ਨੇ ਹੰਭਲਾ ਨਹੀਂ ਮਾਰਿਆ, ਜਿਸ ਨਾਲ ਮੰਡੀ ਹਾਲਤ ਦਰਸਾ ਰਿਹਾ ਮਾਰਕਿਟ ਕਮੇਟੀ ਹੁਣ ਸਰਕਾਰੀ ਥਾਵਾਂ ਤੇ ਲੱਗੇ ਬੂਟੇ ਜਾਂ ਜ਼ਮੀਨਾਂ ਵੇਚਣ ਲਈ ਪ੍ਰਪੋਜ਼ਲ ਤਿਆਰ ਕਰ ਰਹੇ ਹਨ ਪਰ ਕੰਡੇ ਨੂੰ ਚਲਾਉਣ ਦੇ ਸੋਰਸ ਨਹੀ ਲੱਭ ਰਹੇ ਹਨ ਜਿਸ ਤੋਂ ਲੱਖਾਂ ਰੁਪਏ ਮਹੀਨਾ, ਸਾਲ ਦੀ ਆਮਦਨ ਹੋ ਸਕਦੀ ਹੈ। ਕਿਉਂਕਿ ਉਕਤ ਸਥਾਨ ਤੇ ਲੱਕੜ, ਤੂੜੀ, ਹਰਾ ਚਾਰਾ, ਤੇ ਸਬਜੀ ਤੇ ਫ਼ਰੂਟ ਦੇ ਟਰੱਕ ਸਮੇਤ ਹੋਰ ਵੀ ਕਈ ਸਮਾਨਾਂ ਦੀਆਂ ਟਰਾਲੀਆਂ ਆਣ ਮੰਡੀ ਵਿਚ ਖੜਦੀਆਂ ਹਨ ਪਰ ਬੋਲੀ ਮੰਡੀ ਵਿਚ ਕਰਨ ਤੋਂ ਬਾਅਦ ਦੂਜੇ ਕੰਡਿਆਂ ਤੋ ਤੋਲ ਕਰਵਾਉਦੀਆਂ ਹਨ ਜੇਕਰ ਇਸ ਕੰਡੇ ਤੇ ਤੋਲ ਹੋਵੇ ਤਾ ਕੰਡਾ ਵੀ ਚੱਲੇ ਤੇ ਮਾਰਕਿਟ ਕਮੇਟੀ ਦੀ ਆਮਦਨ ਵਿਚ ਵਾਧਾ ਵੀ ਹੋਵੇ ਪਰ ਕੰਡੇ ਨੂੰ ਚਲਾਉਣ ਲਈ ਆਪਣੇ ਹੱਥ ਖੜੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਝੇਪ ਕਾਰਨ ਨਾ ਤਾ ਕੰਡੇ ਨੂੰ ਚਲਾਉਣ ਦੀਆਂ ਹਨ ਤੇ ਨਾ ਹੀ ਕੰਡੇ ਤੇ ਲੱਗਿਆ ਪਿਛਲਾ ਸਮਾਨ ਦਰਸਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਦ ਤੋ ਕੰਡੇ ਨੂੰ ਬੋਲੀ ਤੇ ਲਿਆ ਸੀ ਤਦ ਤੋ ਹੀ ਕੰਡੇ ਦਾ ਸਮਾਨ ਨਹੀ ਸੀ ਜਿਸ ਵਿਚ ਤਾਰਾਂ ਮਹਿੰਗੀ ਕੀਮਤ ਦਾ ਹੋਰ ਸਮਾਨ ਵੀ ਨਹੀਂ ਸਨ, ਪਰ ਇੱਥੇ ਵੀ ਦੱਸਣਾ ਬਣਦਾ ਹੈ ਕਿ ਸੰਨ 2007 ਵਿਚ ਬਣੇ ਕੰਡੇ ਦਾ ਸਮਾਨ ਕਿੱਧਰ ਗਿਆ ਜੇਕਰ ਸਮਾਨ ਹੈ ਤਾ ਕੰਡੇ ਨੂੰ ਚਲਾਉਣ ਦੀਆਂ ਕੋਸ਼ਿਸ਼ਾ ਪਿਛਲੇ ਸਾਲਾ ਤੋਂ ਕਿਉਂ ਨਹੀਂ ਕੀਤੀਆਂ ਗਈਆਂ।

ਉਨ੍ਹਾਂ ਕਿਹਾ ਕਿ ਸਿਆਸਤ ਦੀ ਲਿਪਤ ਕਾਰਨ ਕੰਡੇ ਤੇ ਹਾਲੇ ਤੱਕ ਕਿਸੇ ਸਮਾਨ ਦਾ ਤੋਲ ਨਹੀਂ ਹੋਇਆ ਤੇ ਲੱਖਾਂ ਰੁਪਏ ਦਾ ਕੰਡਾ ਹੁਣ ਕੱਖਾਂ ਦਾ ਬਣ ਗਿਆ। ਉਨ੍ਹਾਂ ਦੱਸਿਆ ਕਿ ਹਾਲੇ ਤੱਕ ਮੰਡੀ ਵਿਚ ਸਮਾਨ ਦੀ ਤੁਲਾਈ ਲਈ ਕੋਈ ਵੀ ਕੰਡਾ ਮੰਡੀ ਵਿਚ ਨਹੀ ਹੈ, ਜਿਸ ਤੋ ਪ੍ਰਤੀਤ ਹੁੰਦਾ ਹੈ ਕਿ ਕੁਝ ਤਾ ਸਿਸਟਮ ਵਿਚ ਹਿਲਜੁੱਲ ਹੈ ਜੋ ਲੱਖਾਂ ਰੁਪਏ ਦੀ ਹੋਣ ਵਾਲੀ ਆਮਦਨ ਨੂੰ ਨਕਾਰਿਆ ਜਾ ਰਿਹਾ ਹੈ ਤੇ ਜਾਣਦਿਆਂ ਹੋਇਆ ਵੀ ਸਭ ਕੁਝ ਸਹਿਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੰਡੀ ਵਿਚ ਰੋਜ਼ਾਨਾ 3 ਸੋ ਦੇ ਕਰੀਬ ਵਾਹਨ ਆਉਂਦੇ ਹਨ, ਪਰ ਤੋਲ ਲਈ ਕੰਡਾ ਨਾ ਹੋਣ ਕਾਰਨ ਹੋਰਨਾਂ ਥਾਵਾਂ ਤੇ ਤੋਲ ਲਈ ਜਾਂਦੇ ਹਨ। ਇਸ ਸਬੰਧੀ ਮਾਰਕਿਟ ਕਮੇਟੀ ਦੇ ਅਧਿਕਾਰੀਆਂ ਨਾਲ ਸੰਪਰਕ ਕਰਨਾ ਚਾਹਿਆ ਪਰ ਹੋ ਨਹੀਂ ਸਕਿਆ।

# ਪੀਏਯੂ ਵਿਖੇ ਮੁੜ ਨਵਿਆਉਣਯੋਗ ਊਰਜਾ ਮਾਹਿਰਾਂ ਦੀ ਮੀਟਿੰਗ ਹੋਈ

**ਲੁਧਿਆਣਾ/24 ਜੁਲਾਈ/ਸਲੂਜਾ**

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਸਕੂਲ ਆਫ਼ ਐਨਰਜੀ ਸਟੱਡੀਜ਼ ਫਾਰ ਐਗਰੀਕਲਚਰਲ (ਐਸ ਈ ਐਸ ਏ) ਵੱਲੋਂ ਕੀਤੀ ਜਾ ਰਹੀ ਖੋਜ ਦਾ ਰੀਵਿਊ ਕਰਨ ਲਈ ਮੁੜ ਨਵਿਆਉਣਯੋਗ ਊਰਜਾ ਮਾਹਿਰਾਂ ਦੀ ਇਕ ਰੋਜ਼ਾ ਮੀਟਿੰਗ ਹੋਈ। ਡਾ: ਬੀ ਐਸ ਪਾਠਕ, ਸਾਬਕਾ ਡੀਨ, ਖੇਤੀਬਾੜੀ ਇੰਜੀਨੀਅਰਿੰਗ ਕਾਲਜ ਅਤੇ ਸਲਾਹਕਾਰ ਯੂਨਾਈਟਿਡ ਨੇਸ਼ਨਜ ਡਿਵੈਲਪਮੈਂਟ ਪ੍ਰੋਗਰਾਮ ਨੇ ਬਾਇਓਮਾਸ ਅਤੇ ਸੂਰਜੀ ਊਰਜਾ ਦੀ ਸੰਯੁਕਤ ਵਰਤੋਂ ਦੀ ਮਹੱਤਤਾ ਤੇ ਚਾਨਣਾ ਪਾਇਆ। ਉਨ੍ਹਾਂ ਨੇ ਨਾ ਕੇਵਲ ਪੰਜਾਬ ਸਗੋਂ ਗੁਜਰਾਤ ਵਿੱਚ ਵੀ ਬਾਇਓਮਾਸ ਤਕਨਾਲੋਜੀ ਤੇ ਵਿਸ਼ੇਸ਼ ਕਾਰਜ ਕਰ ਰਹੀ ਪੀ ਏ ਯੂ ਦੀ ਤਾਰੀਫ਼ ਕੀਤੀ।

ਡਾ: ਐਸ ਆਰ ਵਰਮਾ ਨੇ ਪੀ ਏ ਯੂ ਵੱਲੋਂ ਐਫ ਏ ਪੀ ਆਰ ਓ ਹੁਸ਼ਿਆਰਪੁਰ ਵਿਖੇ ਸੋਲਰ ਡਰਾਇਰ ਲਗਾਉਣ ਲਈ ਕੀਤੇ ਯਤਨਾਂ ਦੀ ਤਾਰੀਫ਼ ਕੀਤੀ ਜਿਸ ਨੂੰ ਕਿ ਇਲਾਕੇ ਦੇ ਲਗਭਗ 300 ਕਿਸਾਨਾਂ ਵੱਲੋਂ ਹਲਦੀ ਸੁਕਾਉਣ ਲਈ ਵਰਤਿਆ ਜਾ ਰਿਹਾ ਹੈ। ਡਰਾਇਰ ਦੀ ਵਰਤੋਂ ਨਾਲ ਜਿੱਥੇ ਹਲਦੀ ਸੁਕਾਉਣ ਵਿੱਚ ਸਮੇਂ ਦੀ ਬੱਚਤ ਹੋਈ ਹੈ ਉਥੇ ਹਲਦੀ ਦੀ ਗੁਣਵਤਾ ਵਿੱਚ ਵੀ ਵਾਧਾ ਹੋਇਆ ਹੈ। ਡਾ: ਪਰਮਪਾਲ ਸਿੰਘ, ਸਾਬਕਾ ਸੀਨੀਅਰ ਰਿਸਰਚ ਇੰਜੀਨੀਅਰ, ਐਸ ਈ ਐਸ ਏ ਨੇ ਸੂਰਜੀ ਊਰਜਾ ਦੇ ਖੇਤਰ ਵਿੱਚ ਭਵਿੱਖਮਈ ਖੋਜ ਕਾਰਜਾਂ ਬਾਰੇ ਸੁਝਾਅ ਦਿੱਤੇ ਅਤੇ ਆਟੋਮੈਟਿਡ ਹਾਈਬ੍ਰਿਡ ਸੋਲਰ ਤਕਨਾਲੋਜੀਆਂ ਨੂੰ ਵਿਕਸਤ ਕਰਨ ਦੀ ਲੋੜ ਤੇ ਚਾਨਣਾ ਪਾਇਆ।

ਇਸ ਮੌਕੇ ਡਾ: ਕੇ ਡੀ ਮੈਨਨ, ਸਾਬਕਾ ਡੀਟ, ਪੀ ਜੀ ਐਸ, ਡਾ: ਪੀ ਕੇ ਗੁਪਤਾ, ਸਾਬਕਾ ਡੀਨ, ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ, ਡਾ: ਏ ਕੇ ਜੈਨ, ਸਾਬਕਾ ਨਿਰਦੇਸ਼ਕ ਸਰਦਾਰ ਸਵਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ਼ ਬਾਇਓ ਐਨਰਜੀ, ਕਪੂਰਥਲਾ ਅਤੇ ਡੀਨ ਇਨਵਾਇਰਮੈਂਟ ਐਂਡ ਅਰਥ ਸਾਇੰਸਜ਼, ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਡਾ: ਜਸਕਰਨ ਸਿੰਘ ਮਾਹਲ, ਡੀਨ ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ ਨੇ ਸਾਰੇ ਮਾਹਿਰਾਂ ਅਤੇ ਪਤਵੰਤਿਆਂ ਦਾ ਧੰਨਵਾਦ ਕੀਤਾ ਅਤੇ ਡਾ: ਵੀ ਐਸ ਹਾਂਸ, ਨਿਰਦੇਸ਼ਕ ਐਸ ਈ ਐਸ ਏ ਨੇ ਮਾਹਿਰਾਂ, ਫੈਕਲਟੀ ਮੈਂਬਰਾਂ ਅਤੇ ਡਾ. ਅਸ਼ੋਕ ਕੁਮਾਰ, ਅਪਰ ਨਿਰਦੇਸ਼ਕ ਖੋਜ (ਐਫ ਐਮ ਬੀ ਈ) ਪੀ ਏ ਯੂ ਨੂੰ ਜੀ ਆਇਆਂ ਕਿਹਾ।

# ਖਾਦ, ਬੀਜ ਤੇ ਕੀੜੇਮਾਰ ਦਵਾਈਆਂ ਦੇ ਮਿਆਰ ਚੈਕ ਕਰਨ ਲਈ ਡੀਲਰਾਂ ਦੀ ਅਚਨਚੇਤ ਚੈਕਿੰਗ

**ਰੂਪਨਗਰ/24 ਜੁਲਾਈ/ਰਾਜਿੰਦਰ ਸੈਣੀ**

ਕਿਸਾਨਾਂ ਨੂੰ ਉਚ ਮਿਆਰ ਦੀਆਂ ਖਾਦ, ਬੀਜ ਅਤੇ ਕੀੜੇਮਾਰ ਦਵਾਈਆਂ ਆਦਿ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਮੁੱਖ ਖੇਤੀਬਾੜੀ ਅਫ਼ਸਰ ਰੂਪਨਗਰ ਡਾ. ਜਸਵੰਤ ਸਿੰਘ ਨੇ ਜ਼ਿਲ੍ਹੇ ਦੇ ਖਾਦ, ਬੀਜ ਅਤੇ ਦਵਾਈਆਂ ਦੇ ਡੀਲਰਾਂ ਦੀ ਚੈਕਿੰਗ ਕੀਤੀ। ਚੈਕਿੰਗ ਦੌਰਾਨ ਉਨ੍ਹਾਂ ਦੇ ਲਾਇਸੈਂਸ, ਅਥਾਰਟੀ ਲੈਟਰ ਦੀਆਂ ਅਡੀਸ਼ਨਾਂ ਅਤੇ ਬਿੱਲ ਬੁੱਕ ਆਦਿ ਦੀ ਵੀ ਬਰੀਕੀ ਨਾਲ ਚੈਕਿੰਗ ਕੀਤੀ।

ਉਨ੍ਹਾਂ ਡੀਲਰਾਂ ਨੂੰ ਸਖਤ ਹਦਾਇਤ ਕੀਤੀ ਕਿ ਕਿਸਾਨਾਂ ਨੂੰ ਉਚ ਮਿਆਰ ਦੀਆਂ ਖਾਦਾਂ, ਬੀਜ ਅਤੇ ਕੀੜੇਮਾਰ ਦਵਾਈਆਂ ਹੀ ਮੁਹੱਈਆ ਕਰਵਾਏ ਜਾਣ। ਉਨ੍ਹਾਂ ਕਿਹਾ ਕਿ ਜਿਲ੍ਹੇ ਅੰਦਰ ਜੇ ਕੋਈ ਡੀਲਰ ਬਿਨ੍ਹਾਂ ਲਾਇਸੈਂਸ/ਅਡੀਸ਼ਨ ਤੋਂ ਬਿਨ੍ਹਾਂ ਖਾਦ, ਬੀਜ ਅਤੇ ਦਵਾਈਆਂ ਆਦਿ ਦੀ ਵਿਕਰੀ ਕਰਦਾ ਫੜਿਆ ਗਿਆ ਤਾਂ ਉਸ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਉਹਨਾਂ ਨਾਲ ਖੇਤੀਬਾੜੀ ਅਫਸਰ ਡਾ: ਹਰਪਾਲ ਸਿੰਘ, ਖੇਤੀਬਾੜੀ ਵਿਕਾਸ ਅਫਸਰ ਡਾ: ਰਮਨ ਕਰੌੜੀਆ,ਅਤੇ ਗੁਰਪ੍ਰੀਤ ਸਿੰਘ ਵੀ ਸਨ। ਡਾ. ਜਸਵੰਤ ਸਿੰਘ ਨੇ ਕਿਸਾਨਾਂ ਨੂੰ ਵੀ ਅਪੀਲ ਕਿ ਉਹ ਖੇਤੀਬਾੜੀ ਇਨਪੁਟਸ ਦੀ ਖਰੀਦ ਕਰਦੇ ਸਮੇਂ ਡੀਲਰ ਤੋਂ ਬਿੱਲ ਜਰੂਰ ਲੈਣ।

# ਸਾਦਤਪੁਰ ਸਕੂਲ ਦੇ 16 ਲੱਖ ਦੀ ਰਾਸ਼ੀ ਨਾਲ ਤਿਆਰ ਕਮਰਿਆਂ ਦਾ ਉਦਘਾਟਨ ਵਿਧਾਇਕ ਝੂੰਦਾ ਨੇ ਕੀਤਾ

**ਮਾਲੇਰਕੋਟਲਾ/ਸਲੀਮ :** ਸਰਕਾਰੀ ਸਕੂਲਾਂ ਅੰਦਰ ਵਿਦਿਆ ਦੇ ਖੇਤਰ ਨੂੰ ਉਚਾ ਚੁੱਕਣ ਲਈ ਪੰਜਾਬ ਸਰਕਾਰ ਵੱਲੋ ਜਾਰੀ ਸਾਢੇ ਸੋਲ੍ਹਾਂ ਲੱਖ ਰੁਪਏ ਦੀ ਮਿਲੀ ਗ੍ਰਾਂਟ ਨਾਲ ਸੰਤ ਜੁਆਲਾ ਦਾਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਦਤਪੁਰ ਵਿਖੇ ਤਿਆਰ ਹੋਏ ਕਮਰਿਆਂ ਦਾ ਉਦਘਾਟਨ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਤੇ ਹਲਕਾ ਵਿਧਾਇਕ ਐਡਵੋਕੇਟ ਇਕਬਾਲ ਸਿੰਘ ਝੂੰਦਾਂ ਵੱਲੋਂ ਕੀਤਾ ਗਿਆ। ਇਸ ਮੌਕੇ ਵਿਧਾਇਕ ਝੂੰਦਾਂ ਨੇ ਕਿਹਾ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਨੂੰ ਅੱਪਗ੍ਰੇਡ ਕਰਨ ਅਤੇ ਵਧੀਆ ਇਮਾਰਤਾਂ ਬਣਾਉਣ ਲਈ ਬਚਨਬੱਧ ਹੈ ਤਾਂ ਜੋ ਸਰਕਾਰੀ ਸਕੂਲਾਂ ਵਿਦਿਆਰਥੀਆਂ ਦੀ ਗਿਣਤੀ ਵੱਧ ਸਕੇ। ਉਨ੍ਹਾਂ ਅੱਗੇ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਨੇ ਲੋਕਾਂ ਦੀ ਭਲਾਈ ਲਈ ਜਿੰਨ੍ਹੀਆਂ ਸਕੀਮਾਂ ਉਲੀਕੀਆਂ ਹਨ ਤੇ ਵਿਕਾਸ ਕਾਰਜਾਂ ਨੂੰ ਤਰਜੀਹ ਦਿੱਤੀ ਹੈ ਪ੍ਰੰਤੂ ਬੜੇ ਹੀ ਅਫਸੋਸ ਦੀ ਗੱਲ ਹੈ ਕਿ ਇਸ ਦੇ ਉਲਟ ਕਾਂਗਰਸ ਪਾਰਟੀ ਨੇ ਪੰਜਾਬ ਦੇ ਲੋਕਾਂ ਨੂੰ ਸਿਰਫ ਤੇ ਸਿਰਫ ਗੁੰਮਰਾਹ ਕਰਨ ਤੋਂ ਇਲਾਵਾ ਕੁਝ ਨਹੀਂ ਦਿੱਤਾ। ਇਸ ਸਮਾਗਮ ਦੌਰਾਨ 80 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 6 ਵਿਦਿਆਰਥੀਆਂ ਸਮੇਤ ਮੈਡੀਕਲ, ਨਾਨ-ਮੈਡੀਕਲ,ਵੋਕੇਸ਼ਨਲ, ਆਰਟਸ ਤੇ ਕਾਮਸਰ ਵਿਚ ਮੱਲ੍ਹਾ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹਾਊਸਫੈਡ ਪੰਜਾਬ ਦੇ ਡਾਇਰੈਕਟਰ ਪ੍ਰਦੁਮੱਣ ਸਿੰਘ ਦਲੇਲਗੜ੍ਹ,ਬਾਬਾ ਪਾਲ ਦਾਸ,ਸਰਪੰਚ ਬਿੱਕਰ ਸਿੰਘ ਅਤੇ ਸਮੂਹ ਪੰਚਾਇਤ ਸਾਦਤਪੁਰ, ਸਰਪੰਚ ਗੁਰਚਰਨ ਸਿੰਘ ਸੰਗਾਲਾ, ਸਰਪੰਚ ਸਾਹਿਦੀਨ ਦਲੇਲਗੜ੍ਹ ਆਦਿ ਤੋਂ ਇਲਾਵਾ ਸਾਦਤਪੁਰ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਤ੍ਰਿਪਤਾ ਰਾਣੀ ਤੇ ਸਕੂਲ ਦਾ ਸਮੂਹ ਸਟਾਫ ਵੀ ਵਿਸ਼ੇਸ ਤੌਰ 'ਤੇ ਹਾਜ਼ਰ ਸੀ।

# ਸੀਪੀਆਈ ਵੱਲੋਂ ਕੁੱਲੂ ਬੱਸ ਹਾਦਸੇ 'ਤੇ ਦੁੱਖ ਦਾ ਪ੍ਰਗਟਾਵਾ

**ਬਠਿੰਡਾ/ਦਸਨਸ :** ਸੀ.ਪੀ.ਆਈ ਦੇ ਸੂਬਾ ਸਕੱਤਰ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਕੱਲ ਹਿਮਾਚਲ ਦੇ ਕੁੱਲੂ ਨਜ਼ਦੀਕ ਵਾਪਰੇ ਦੁਖਦਾਈ ਬੱਸ ਹਾਦਸੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਪੀੜ੍ਹਤ ਪਰਿਵਾਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕੀਤੀ ਹੈ। ਯਾਦ ਰਹੇ ਕਿ ਬੱਸ ਵਿੱਚ ਸਵਾਰ ਮਾਨਸਾ, ਬਠਿੰਡਾ ਤੇ ਬਰਨਾਲਾ ਜ਼ਿਲ੍ਹਿਆਂ ਨਾਲ ਸਬੰਧਤ 30 ਤੋਂ ਉਪਰ ਲੋਕ ਆਪਣੀਆਂ ਕੀਮਤੀ ਜਾਨਾਂ ਗਵਾ ਚੁੱਕੇ ਹਨ। ਕਾਮਰੇਡ ਅਰਸ਼ੀ ਨੇ ਹਾਦਸੇ ਵਿੱਚ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਵਿਅਕਤੀਆਂ ਦੀ ਜਲਦੀ ਤੰਦਰੁਸਤੀ ਦੀ ਕਾਮਨਾ ਕਰਦੇ ਹੋਏ ਹਿਮਾਚਲ ਪ੍ਰਦੇਸ਼ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੀੜ੍ਹਤ ਪਰਿਵਾਰਾਂ ਦੀ ਢੁੱਕਵੀਂ ਮਾਲੀ ਮਦਦ ਕੀਤੀ ਜਾਵੇ।

# ਮੁੱਖ ਮੰਤਰੀ ਤੇ ਹੋਰਾਂ ਵੱਲੋਂ ਸੱਤ ਨਰਾਇਣ ਦੇ ਪਿਤਾ ਦੇ ਦੇਹਾਂਤ 'ਤੇ ਦੁੱਖ ਪ੍ਰਗਟ

**ਚੰਡੀਗੜ੍ਹ/ਨਾਗਰਾ :** ਪੰਜਾਬ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਨਵੀਂ ਦਿੱਲੀ ਵਿਖੇ ਤਾਇਨਾਤ ਐਡੀਸ਼ਨਲ ਡਾਇਰੈਕਟਰ ਸੱਤ ਨਰਾਇਣ ਨੂੰ ਉਸ ਵੇਲੇ ਡੂੰਘਾ ਸਦਮਾ ਲੱਗਾ ਜਦ ਉਨ੍ਹਾਂ ਦੇ ਪਿਤਾ ਜੋਧਾ ਰਾਮ (85) ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਸ਼ੁਕਰਵਾਰ ਤੜਕੇ ਦਿਲ ਦਾ ਦੌਰਾ ਪਿਆ ਤੇ ਉਨ੍ਹਾਂ ਨੇ ਰਾਮ ਮਨੋਹਰ ਲੋਹੀਆ ਹਸਪਤਾਲ, ਨਵੀਂ ਦਿੱਲੀ ਵਿਖੇ ਆਖਰੀ ਸਾਹ ਲਿਆ। ਉਹ ਆਪਣੇ ਪਿਛੇ ਆਪਣੀ ਪਤਨੀ, ਤਿੰਨ ਪੁੱਤਰ ਤੇ ਚਾਰ ਧੀਆਂ ਛੱਡ ਗਏ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜੋਧਾ ਰਾਮ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕਰਦੇ ਹੋਏ ਪੀੜਤ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਇਸੇ ਤਰ੍ਹਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਵੀ ਸੱਤ ਨਰਾਇਣ ਦੇ ਪਿਤਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਇਆ ਹੈ।

# ਦਿਨ-ਦਿਹਾੜੇ ਘਰ 'ਚੋਂ 18 ਹਜ਼ਾਰ ਨਕਦ ਤੇ ਇਕ ਮੋਬਾਇਲ ਹੋਇਆ ਚੋਰੀ

**ਭਿੱਖੀਵਿੰਡ/24 ਜੁਲਾਈ/ਭੁਪਿੰਦਰ ਸਿੰਘ**

ਨਗਰ ਪੰਚਾਇਤ ਭਿੱਖੀਵਿੰਡ ਦੇ ਵਾਰਡ ਨੰਬਰ 11 ਵਿਖੇ ਇੱਕ ਵਿਧਵਾ ਔਰਤ ਦੇ ਘਰੋਂ ਅਣਪਛਾਤੇ ਚੋਰ ਦਿਨ-ਦਿਹਾੜੇ 18000 ਰੁਪਏ ਨਕਦ ਤੇ ਇੱਕ ਮੋਬਾਈਲ ਲੈ ਕੇ ਫਰਾਰ ਹੋ ਗਏ। ਚੋਰੀ ਸੰਬੰਧੀ ਪੁਲਿਸ ਥਾਣਾ ਭਿੱਖੀਵਿੰਡ ਵਿਖੇ ਦਿੱਤੀ ਦਰਖਾਸਤ ਵਿੱਚ ਵਿਧਵਾ ਵਿਦਿਆ ਪਤਨੀ ਸਵ: ਹੀਰਾ ਲਾਲ ਨੇ ਦੱਸਿਆ ਹੈ ਕਿ ਮੈਂ ਅੱਜ ਸਵੇਰੇ 6 ਵਜੇ ਦੇ ਦਰਮਿਆਨ ਗੁਰਦੁਆਰਾ ਬਾਬਾ ਦੀਪ ਸਿੰਘ ਭਿੱਖੀਵਿੰਡ ਵਿਖੇ ਮੱਥਾ ਟੇਕਣ ਗਈ ਸੀ ਤਾਂ ਜਦੋਂ ਕੁਝ ਚਿਰ ਬਾਅਦ ਘਰ ਵਾਪਸ ਆਈ ਤਾਂ ਮੇਰੇ ਕਮਰੇ ਵਿਚੋਂ ਨਕਦ ਰਾਸ਼ੀ 18000 ਰੁਪਏ ਤੇ ਇੱਕ ਮੋਬਾਈਲ ਗਾਇਬ ਸੀ।

ਵਿਧਵਾ ਵਿਦਿਆ ਨੇ ਪੁਲਿਸ ਨੂੰ ਦਿੱਤੀ ਰਿਪੋਰਟ ਵਿੱਚ ਮਹੁੱਲੇ ਵਿੱਚ ਰਹਿਣ ਵਾਲੇ ਇੱਕ ਨੌਜਵਾਨ ਦਾ ਨਾਮ ਵੀ ਦੱਸ ਕੇ ਕਾਰਵਾਈ ਦੀ ਮੰਗ ਕੀਤੀ ਹੈ। ਚੋਰੀ ਸੰਬੰਧੀ ਪੁਲਿਸ ਥਾਣਾ ਭਿੱਖੀਵਿੰਡ ਦੇ ਮੁੱਖ ਮੁਨਸ਼ੀ ਜਸਵੰਤ ਸਿੰਘ ਨੂੰ ਪੁੱਛਿਆ ਤਾਂ ਉਹਨਾਂ ਨੇ ਕਿਹਾ ਕਿ ਥਾਣੇ ਦੇ ਇੱਕ ਅਧਿਕਾਰੀ ਦੀ ਜਾਂਚ ਕਰਨ ਲਈ ਡਿਊਟੀ ਲਗਾਈ ਗਈ ਹੈ।

# ਚੀਫ਼ ਇੰਜੀਨੀਅਰ ਨੇ ਬੀਜਾ ਜ਼ੋਨ ਦੇ ਕਿਸਾਨਾਂ ਦੀਆਂ ਮੁਸ਼ਕਿਲਾਂ ਸੁਣੀਆਂ



ਖੰਨਾ : ਕਿਸਾਨਾਂ ਦੀਆਂ ਮੁਸ਼ਕਿਲਾਂ ਸੁਣਦੇ ਹੋਏ ਪਾਵਰਕਾਮ ਦੇ ਚੀਫ਼ ਇੰਜੀਨੀਅਰ।

**ਖੰਨਾ/24 ਜੁਲਾਈ/ਕੇ.ਐਲ. ਸਹਿਗਲ**

ਪਾਵਰਕਾਮ ਦੇ ਸੈਂਟਰਲ ਜੋਨ ਲੁਧਿਆਣਾ ਦੇ ਚੀਫ ਇੰਜੀਨੀਅਰ ਐਨ.ਪੀ ਸਿੰਘ ਨੇ ਬੀਜਾ ਜੋਨ ਦੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣੀਆਂ। ਜਿਲ੍ਹਾ ਪਰਿਸ਼ਦ ਮੈਂਬਰ ਬੂਟਾ ਸਿੰਘ ਰਾਏਪੁਰ ਨੇ ਬਰਮਾਲੀਪੁਰ, ਕੋਟ ਸੇਖੋਂ ਅਤੇ ਰਾਏਪੁਰ ਵਿਖੇ ਬਿਜਲੀ ਦੀਆਂ ਤਾਰਾਂ ਢਿੱਲੀਆਂ ਹੋਣ ਦਾ ਹੱਲ ਕਰਨ ਦੀ ਮੰਗ ਕੀਤੀ।

ਕਿਸਾਨ ਆਗੂ ਜਸਵੰਤ ਸਿੰਘ ਬੀਜਾ ਨੇ ਚਾਵਾ ਦਫਤਰ ਵਿਖੇ ਸਟਾਫ ਦੀ ਕਮੀ ਦੂਰ ਕਰਨ, ਰਾਜਿੰਦਰ ਸਿੰਘ ਨੇ ਕੋਟ ਪਨੇਚ ਵਿਖੇ ਬਿਜਲੀ ਸਮੱਸਿਆ ਹੱਲ ਕਰਨ, ਸਰਪੰਚ ਪਰਗਟ ਸਿੰਘ ਨੇ ਪਿੰਡ ਭੋਰਲਾ ਦੀ ਬਿਜਲੀ ਸਪਲਾਈ ਸੇਹ ਦੀ ਥਾਂ ਚਾਵਾ ਗਰਿੱਡ ਤੋਂ ਦੇਣ ਦੀ ਮੰਗ ਕੀਤੀ। ਇਸ ਮੌਕੇ 'ਤੇ ਸੀਨੀਅਰ ਆਪ੍ਰੇਸ਼ਨ ਇੰਜੀਨੀਅਰ ਰਵਿੰਦਰ ਸਿੰਘ ਸੈਣੀ, ਇੰਜੀਨੀਅਰ ਜਤਿੰਦਰ ਸਿੰਘ, ਇੰਜੀਨੀਅਰ ਸੁਰਿੰਦਰ ਸਿੰਘ, ਰਣਜੋਧ ਸਿੰਘ ਰੁਪਾਲੋਂ, ਜਸਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਕਾਂਗਰਸੀ ਆਗੂਆਂ ਵੱਲੋਂ ਅਕਾਲੀ ਦਲ ਦੇ ਜ਼ਿਲ੍ਹਾ ਜਨਰਲ ਸਕੱਤਰ ਦੀ ਛੱਲੀ ਕੁੱਟ

## ਮਾਮਲਾ ਅਕਾਲੀ ਆਗੂ ਵੱਲੋਂ ਵੇਚੀ ਕਣਕ ਦੇ ਪੈਸੇ ਨਾ ਮਿਲਣ ਦਾ

**ਮਾਹਿਲਪੁਰ/24 ਜੁਲਾਈ/ਪ.ਪ.**

ਬੀਤੀ ਰਾਤ ਸਾਢੇ ਨੌਂ ਵਜੇ ਦੇ ਕਰੀਬ ਮਾਹਿਲਪੁਰ ਦੇ ਮੁੱਖ ਚੌਂਕ ਵਿਚ ਉਸ ਵੇਲੇ ਤਗੜਾ ਹੰਗਾਮਾ ਹੋ ਗਿਆ ਜਦੋਂ ਕਾਂਗਰਸੀ ਆਗੂਆਂ ਵਲੋਂ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਜਨਰਲ ਸਕੱਤਰ ਦੀ ਛੱਲੀ ਕੁੱਟ ਕਰਕੇ ਉਸ ਨੂੰ ਬੁਰੀ ਤਰਾਂ ਨਾਲ ਜ਼ਖਮੀ ਦਿੱਤਾ। ਅਕਾਲੀ ਆਗੂ ਨੂੰ ਸਿਵਲ ਹਸਪਤਾਲ ਮਾਹਿਲਪੁਰ ਦਾਖ਼ਲ ਕਰਵਾਇਆ ਗਿਆ ਹੈ। ਬਾਅਦ ਵਿਚ ਕਾਂਗਰਸੀ ਆਗੂ ਵੀ ਜ਼ਖ਼ਮੀ ਹਾਲਤ 'ਚ ਹਸਪਤਾਲ ਦਾਖ਼ਲ ਹੋ ਗਏ।

ਪ੍ਰਾਪਤ ਜਾਣਕਾਰੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਜਨਰਲ ਸਕੱਤਰ ਮੱਖਣ ਸਿੰਘ ਕੋਠੀ ਪੁੱਤਰ ਪੁੱਤਰ ਰਵੈਣ ਸਿੰਘ ਵਾਸੀ ਕੋਠੀ ਨੇ ਸਿਵਲ ਹਸਪਤਾਲ ਮਾਹਿਲਪੁਰ ਵਿਖੇ ਦੱਸਿਆ ਕਿ ਉਸ ਨੇ ਮਾਰਚ ਅਪ੍ਰੈਲ ਮਹੀਨੇ ਆਪਣੀ ਕਣਕ ਕਾਂਗਰਸੀ ਆਗੂ ਅਜਮੇਰ ਸਿੰਘ ਢਿੱਲੋਂ ਦੀ ਆੜ੍ਹਤ ਦੀ ਦੁਕਾਨ ਤੇ ਵੇਚੀ ਸੀ। ਉਸ ਨੇ ਦੱਸਿਆ ਕਿ ਤਿੰਨ ਟਰਾਲੀਆਂ ਦੇ ਕਰੀਬ ਦੀ ਕਣਕ ਦੀ ਕੀਮਤ 75 ਹਜ਼ਾਰ ਰੁਪਏ ਬਣੀ ਸੀ। ਉਸ ਨੇ ਦੱਸਿਆ ਕਿ ਉਹ ਪਿਛੇ ਤਿੰਨ ਮਹੀਨਿਆਂ ਤੋਂ ਆਪਣੀ ਵੇਚੀ ਹੋਈ ਕਣਕ ਦੇ ਪੈਸੇ ਮੰਗ ਰਿਹਾਸੀ ਅਤੇ ਅਜਮੇਰ ਸਿੰਘ ਢਿੱਲੋਂ ਅਤੇ ਉਸ ਦੇ ਪੁੱਤਰ ਰੋਜਾਨਾ ਹੀ ਕੋਈ ਨਾ ਕੋਈ ਬਹਾਨਾ ਲਗਾ ਕੇ ਉਸ ਨੂੰ ਘਰ ਵਾਪਿਸ ਭੇਜ ਦਿੰਦੇ ਸਨ।

ਉਸ ਨੇ ਦੱਸਿਆ ਕਿ ਬੀਤੀ ਸ਼ਾਮ ਵੀ ਉਨ੍ਹਾਂ ਨੇ ਉਸ ਨੂੰ ਪੈਸੇ ਦੇਣ ਦੇ ਬਹਾਨੇ ਮਾਹਿਲਪੁਰ ਸੱਦ ਲਿਆ ਅਤੇ ਮੁੱਖ ਚੌਂਕ ਵਿਚ ਜਿਉਂ ਹੀ ਉਹ ਪਹੁੰਚਾ ਤਾਂ ਪਹਿਲਾਂ ਤੋਂ ਹੀ ਯੋਜਨਾ ਬਣਾ ਕੇ ਤੇਜ਼ਧਾਰ ਹਥਿਆਰਾਂ ਨਾਲ ਲੈਸ ਅਜਮੇਰ ਸਿੰਘ ਢਿੱਲੋਂ, ਉਸ ਦੇ ਪੁੱਤਰਾਂ ਅਤੇ ਅੱਧਾ ਦਰਜ਼ਨ ਹੋਰ ਅਣਪਛਾਤੇ ਵਿਅਕਤੀਆਂ ਨੇ ਉਸ ਤੇ ਕਾਤਲਾਨਾ ਹਮਲਾ ਕਰਕੇ ਉਸ ਨੂੰ ਬੁਰੀ ਤਰਾਂ ਨਾਲ ਲਹੂ ਲੁਹਾਨ ਕਰ ਦਿੱਤਾ। ਉਸ ਨੇ ਦੱਸਿਆ ਕਿ ਉਸ ਦੇ ਸਾਥੀ ਗੁਰਦੀਪ ਸਿੰਘ ਪੁੱਤਰ ਸੇਵਾ ਸਿੰਘ ਵਾਸੀ ਕੋਠੀ ਨੇ ਉਸ ਨੂੰ ਸਿਵਲ ਹਸਪਤਾਲ ਮਾਹਿਲਪੁਰ ਦਾਖ਼ਲ ਕਰਵਾਇਆ। ਉਸ ਨੇ ਦੱਸਿਆ ਕਿ ਇਸ ਹਮਲੇ ਵਿਚ ਉਹ ਉਸ ਦਾ ਮੋਬਾਇਲ ਅਤੇ ਨਗਦੀ ਵੀ ਲੈ ਗਏ।

ਪੱਖ -ਇਸ ਸਬੰਧੀ ਅਜਮੇਰ ਸਿੰਘ ਢਿੱਲੋਂ ਨੇ ਦੱਸਿਆ ਕਿ ਉਨ੍ਹਾਂ ਪੰਜਾਹ ਹਜ਼ਾਰ ਰੁਪਏ ਮੱਖਣ ਸਿੰਘ ਨੂੰ ਦੇ ਦਿੱਤੇ ਹਨ ਅਤੇ ਪੰਜਾਹ ਹਜ਼ਾਰ ਰੁਪਏ ਇਸ ਦਾ ਸਾਥੀ ਗੁਰਦੀਪ ਸਿੰਘ ਲੈ ਗਿਆ। ਉਨ੍ਹਾਂ ਦੱਸਿਆ ਕਿ ਮੱਖਣ ਸਿੰਘ ਰੋਜ ਹੀ ਸ਼ਰਾਬ ਪੀ ਕੇ ਉਨ੍ਹਾਂ ਨੂੰ ਗਾਲਾ ਕੱਢਦਾ ਹੈ। ਅੱਜ ਵੀ ਸਾਨੂੰ ਦੇਖ ਕੇ ਗਾਲ੍ਹਾ ਕੱਢਦਾ ਹੋਇਆ ਉਨ੍ਹਾਂ ਨਾਲ ਉਲਝ ਪਿਆ। ਉਨ੍ਹਾਂ ਦੇ ਲੜਕੇ ਬਲਵੀਰ ਸਿੰਘ ਤੇ ਇਸ ਨੇ ਕਾਤਲਾਨਾ ਹਮਲਾ ਕਰਕੇ ਉਸ ਦੇ ਦੰਦ ਭੰਨ ਦਿੱਤੇ ਅਤੇ ਸ਼ਰਾਬੀ ਹਾਲਤ ਵਿਚ ਇਹ ਆਪ ਹੀ ਡਿੱਗ ਪਿਆ ਅਤੇ ਜ਼ਖ਼ਮੀ ਹੋ ਗਿਆ। ਉਨ੍ਹਾਂ ਦੱਸਿਆ ਕਿ ਲੜਾਈ ਵਿਚ ਫੋਨ ਡਿੱਗ ਪਿਆ ਹੋਣਾ ਹੈ। ਉਨ੍ਹਾਂ ਫੋਨ ਕੀ ਕਰਨਾ ਹੈ। ਇਸ ਨੇ ਪਹਿਲਾਂ ਵੀ ਮੇਰੇ ਨਾਲ ਪੰਜ ਲੱਖ ਦੀ ਠਗੀ ਮਾਰੀ ਹੈ।

# ਸ.ਫਾ ਇਕ ਦੀ ਬਾਕੀ...

## ਸੰਸਦ ਦੇ ਮਾਨਸੂਨ...

ਇਤਿਹਾਸ 'ਚ ਕਦੇ ਅਜਿਹਾ ਦੇਖਣ ਨੂੰ ਨਹੀਂ ਮਿਲਿਆ ਕਿ ਸੱਤਾਧਾਰੀ ਦਲ ਹੀ ਧਰਨੇ 'ਤੇ ਬੈਠ ਗਿਆ ਹੋਵੇ। ਉਨ੍ਹਾਂ ਸਵਾਲ ਕੀਤਾ ਕਿ ਆਖਰ ਸੱਤਾਧਾਰੀ ਧਿਰ ਕਿਸ ਤੋਂ ਮੰਗ ਕਰ ਰਿਹਾ ਹੈ। ਕੀ ਉਹ ਰੱਬ ਤੋਂ ਮਗ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਸੰਸਦ ਦੇ ਪ੍ਰਤੀ ਜਵਾਬਦੇਹ ਹੈ ਅਤੇ ਉਸ ਨੂੰ ਆਪਣੀ ਗੱਲ ਸਦਨ 'ਚ ਰੱਖਣੀ ਚਾਹੀਦੀ ਹੈ, ਸੱਤਾ ਧਿਰ ਨੇ ਉਨ੍ਹਾਂ ਦੀ ਗੱਲ ਦਾ ਵੀ ਵਿਰੋਧ ਸ਼ੁਰੂ ਕਰ ਦਿੱਤਾ।

ਹੰਗਾਮੇ ਦੇ ਵਿੱਚ ਹੀ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਅੱਜ ਦੇਸ਼ ਨੂੰ ਪਤਾ ਲੱਗ ਜਾਏਗਾ ਕਿ ਸੱਤਾ ਧਿਰ ਹੀ ਸਦਨ ਦੀ ਕਾਰਵਾਈ ਨੂੰ ਨਹੀਂ ਚੱਲਣ ਦੇ ਰਹੀ ਹੈ। ਸੱਤਾਧਿਰ ਦੇ ਮੈਂਬਰ ਸਦਨਦੀ ਕਾਰਵਾਈ 'ਚ ਰੁਕਾਵਟ ਪਾ ਰਹੇ ਹਨ ਅਤੇ ਵਿਰੋਧੀ ਧਿਰ ਨੂੰ ਬੋਲਣ ਨਹੀਂ ਦੇਣ ਦੇ ਰਹੇ ਹਨ। ਹੰਗਾਮੇ ਦੇ ਕਾਰਨ ਬੈਠਕ ਸ਼ੁਰੂ ਹੋਣ ਦੇ ਸਿਰਫ਼ 10 ਮਿੰਟ ਦੇ ਅੰਦਰ ਹੀ ਦੁਪਹਿਰ 12 ਵਜੇ ਤੱਕ ਲਈ ਮੁਅੱਤਲ ਹੋ ਗਈ। 12 ਵਜੇ ਬੈਠਕ ਸ਼ੁਰੂ ਹੋਣ 'ਤੇ ਵੀ ਉਹੀ ਨਜ਼ਾਰਾ ਦੇਖਣ ਨੂੰ ਮਿਲਿਆ ਅਤੇ ਕਾਂਗਰਸੀ ਮੈਂਬਰ ਲਲਿਤ ਮੋਦੀ ਨਾਲ ਜੁੜਿਆ ਮੁੱਦਾ ਉਠਾਉਣ ਲੱਗੇ। ਹੰਗਾਮੇ ਦੇ ਕਾਰਨ ਪੰਜ ਮਿੰਟ ਦੇ ਅੰਦਰ ਹੀ ਕਾਰਵਾਈ ਦੁਪਹਿਰ ਢਾਈ ਵਜੇ ਤੱਕ ਦੇ ਲਈ ਮੁਲਤਵੀ ਕਰ ਦਿੱਤੀ ਗਈ।

ਦੁਪਹਿਰ ਢਾਈ ਵਜੇ ਵੀ ਸਦਨ 'ਚ ਉਹੀ ਨਜ਼ਾਰਾ ਦਿਖਿਆ। ਉਪ ਸਭਾਪਤੀ ਪੀਜੇ ਕੁਰੀਅਨ ਨੇ ਕਿਹਾ ਕਿ ਇਹ ਸਮਾਂ ਗੈਰ ਸਰਕਾਰੀ ਕੰਮਕਾਜ ਦਾ ਹੈ ਅਤੇ ਉਹ ਸਿਰਫ਼ ਗੈਰ ਸਰਕਾਰੀ ਕੰਮਕਾਜ ਨਾਲ ਜੁੜੇ ਮੁੱਦੇ ਨੂੰ ਹੀ ਉਠਾਉਣ ਦੀ ਆਗਿਆ ਦੇਣਗੇ। ਇਸੇ ਦੌਰਾਨ ਕਾਂਗਰਸ ਦੇ ਮੈਂਬਰ ਸਪੀਕਰ ਦੀ ਸੀਟ ਦੇ ਸਾਹਮਣੇ ਆ ਕੇ ਨਾਅਰੇਬਾਜ਼ੀ ਕਰਨ ਲੱਗੇ। ਉਧਰ ਸੱਤਾਧਿਰ ਦੇ ਮੈਂਬਰ ਵੀ ਜਵਾਬੀ ਕਾਰਵਾਈ ਕਰਨ ਲੱਗੇ। ਹੰਗਾਮੇ ਦੇ ਵਿੱਚ ਹੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਸਦਨ ਦੀ ਆਗਿਆ ਨਾਲ ਪਰਕਰਾਮਯ ਲਿਖਤ ਸੋਧ ਬਿਲ 2015 ਵਾਪਸ ਲੈ ਲਿਆ। ਹੰਗਾਮਾ ਖਤਮ ਨਾ ਹੁੰਦੇ ਦੇਖ ਬੈਠਕ ਪੂਰੇ ਦਿਨ ਦੇ ਲਈ ਮੁਅੱਤਲ ਕਰ ਦਿੱਤੀ।

## ਯਕੂਬ ਮੈਮਨ ਦੀ ਅਰਜ਼ੀ...

ਜਾਰੀ ਕੀਤਾ ਗਿਆ, ਜਦਕਿ ਸੋਧ ਪਟੀਸ਼ਨ ਸੁਪਰੀਮ ਕੋਰਟ ਵਿੱਚ ਲੰਬਿਤ ਸੀ। ਯਕੂਬ ਨੇ ਆਪਣੀ ਅਰਜ਼ੀ ਵਿੱਚ ਕਿਹਾ ਕਿ ਅਜਿਹੇ ਵਿੱਚ ਸੋਧ ਪਟੀਸ਼ਨ ਤੋਂ ਪਹਿਲਾਂ ਮੌਤ ਦਾ ਵਰੰਟ ਜਾਰੀ ਕਰਨਾ ਗੈਰ ਕਾਨੂੰਨੀ ਹੈ, ਨਿਯਮਾਂ ਅਤੇ ਕਾਨੂੰਨੀ ਪ੍ਰਕਿਰਿਆ ਦਾ ਪਾਲਣ ਨਹੀਂ ਕੀਤਾ ਗਿਆ। ਇਸ ਦੇ ਲਈ 27 ਮਈ 2015 ਦੀ ਸੁਪਰੀਮ ਕੋਰਟ ਜੱਜਮੈਂਟ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਵਿੱਚ ਕਿਹਾ ਗਿਆ ਕਿ ਮੌਤ ਦਾ ਵਰੰਟ ਪੂਰੀ ਕਾਨੂੰਨੀ ਪ੍ਰੀਕਿਰਿਆ ਪੂਰੀ ਹੋਣ ਤੋਂ ਬਾਅਦ ਜਾਰੀ ਹੋਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਸਬਨਮ ਅਤੇ ਉਸਦੇ ਪ੍ਰੇਮੀ ਦੇ ਮੌਤ ਦੇ ਵਰੰਟ ਨੂੰ ਰੱਦ ਕਰ ਦਿੱਤਾ ਸੀ। ਅਦਾਲਤ ਨੇ ਦੋਵਾਂ ਦੀ ਫਾਂਸੀ ਨੂੰ 15 ਮਈ ਨੂੰ ਬਰਕਰਾਰ ਰੱਖਿਆ ਸੀ ਅਤੇ 6 ਦਿਨਾਂ ਦੇ ਦਰਮਿਆਨ 21 ਮਈ ਨੂੰ ਮੌਤ ਦਾ ਵਰੰਟ ਜਾਰੀ ਹੋਇਆ ਸੀ। 27 ਮਈ ਨੂੰ ਸੁਪਰੀਮ ਕੋਰਟ ਨੇ ਇਸ ਮੌਤ ਦੇ ਵਰੰਟ ਨੂੰ ਰੱਦ ਕਰ ਦਿੱਤਾ ਸੀ। 2010 ਵਿੱਚ ਆਪਣੇ ਪਰਿਵਾਰ ਦੇ 7 ਲੋਕਾਂ ਦੀ ਹੱਤਿਆ ਦੇ ਦੋਸ਼ ਵਿੱਚ ਫਾਂਸੀ ਦੀ ਸਜ਼ਾ ਪਾਉਣ ਵਾਲੇ ਸ਼ਬਨਮ ਅਤੇ ਸਲੀਮ ਨੂੰ ਪੁਨਰ ਵਿਚਾਰ, ਸੋਧ ਅਤੇ ਰਹਿਮ ਦੀ ਅਰਜ਼ੀ ਤੋਂ ਪਹਿਲਾਂ ਹੀ ਮੌਤ ਦਾ ਵਰੰਟ ਜਾਰੀ ਕਰ ਦਿੱਤਾ ਗਿਆ ਸੀ।

ਇਸੇ ਦਰਮਿਆਨ ਯਕੂਬ ਨੂੰ ਫੜ ਕੇ ਲਿਆਉਣ ਵਾਲੇ ਰਾਹ ਦੇ ਅਧਿਕਾਰੀ ਨੇ ਕਿਹਾ ਸੀ ਕਿ ਉਸ ਨੂੰ ਫਾਂਸੀ ਨਹੀਂ ਹੋਣੀ ਚਾਹੀਦੀ। ਦੇਸ਼ ਛੱਡ ਕੇ ਭੱਜ ਚੁੱਕੇ ਮੈਮਨ ਨੂੰ ਕਾਠਮੰਡੂ ਤੋਂ ਭਾਰਤ ਲਿਆਂਦਾ ਗਿਆ ਸੀ। ਇਸ ਵਿੱਚ ਭਾਰਤ ਦੀ ਖ਼ੁਫ਼ੀਆ ਏਜੰਸੀ ਰਾਅ ਦੀ ਅਹਿਮ ਭੂਮਿਕਾ ਸੀ। ਯਕੂਬ ਨੂੰ ਭਾਰਤ ਲਿਆਉਣ ਦੇ ਮਿਸ਼ਨਵਿੱਚ ਰਾਅ ਦੇ ਅਧਿਕਾਰੀ ਬੀ ਰਮਨ ਨੇ ਕਿਹਾ ਸੀ ਕਿ ਯਕੂਬ ਨੇ ਜਾਂਚ ਏਜੰਸੀਆਂਦੇ ਨਾਲ ਸਹਿਯੋਗ ਕੀਤਾ ਸੀ। ਲਿਹਾਜ਼ਾ ਉਸ ਨੂੰ ਵੱਡੀ ਸਜ਼ਾ ਦੇਣ ਤੋਂ ਪਹਿਲਾਂ ਸੋਚਿਆ ਜਾਣਾ ਚਾਹੀਦਾ ਹੈ।

## ਪਾਕਿਸਤਾਨ ਨੂੰ ਦਹਿਸ਼ਤਗਰਦਾਂ...

ਹੈ ਕਿ ਅਮਰੀਕਾ ਨੇ ਪਾਕਿਸਤਾਨ ਨੂੰ ਇੱਥੋਂ ਇੱਕ ਹੋਰ ਸੈਕਟਰ 'ਚ ਸਹਾਇਤਾ ਵਧਾਈ ਹੈ, ਉੱਥੋਂ ਸਿਵਲੀਅਨ ਸੈਕਟਰ'ਚ ਇਹ ਘੱਟ ਕਰ ਦਿੱਤੀ ਗਈ ਹੈ। ਪਾਕਿਸਤਾਨ ਸੰਸਦ ਨੂੰ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ ਅਮਰੀਕਾ ਨੇ ਸਾਲ 2015 'ਚ ਪਾਕਿਸਤਾਨ ਨੂੰ ਸਿਰਫ਼ 50 ਮਿਲੀਅਨ ਡਾਲਰ ਦਾ ਸਿਵਲੀਅਨ ਫੰਡ ਦਿੱਤਾ ਹੈ।

## ਮੁੱਖ ਮੰਤਰੀ ਵੱਲੋਂ ਕੁੱਲੂ...

ਮੁੱਖ ਮੰਤਰੀ ਨੇ ਮ੍ਰਿਤਕ ਵਿਅਕਤੀਆਂ ਦੇ ਵਾਰਸਾਂ ਨੂੰ ਇਕ-ਇਕ ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਗ੍ਰਾਂਟ ਦੇਣ ਦਾ ਐਲਾਨ ਕੀਤਾ। ਉਨ੍ਹਾਂ ਸੂਬਾ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਕਿ ਸੂਬੇ ਵਿੱਚ ਆ ਰਹੇ ਸਾਰੇ ਜ਼ਖ਼ਮੀਆਂ ਨੂੰ ਮੁਫਤ ਇਲਾਜ ਮੁਹੱਈਆ ਕਰਵਾਇਆ ਜਾਵੇ।

ਇਸ ਦੌਰਾਨ ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਰਾਕੇਸ਼ ਚੰਦਰਾ ਨੂੰ ਫੌਰੀ ਤੌਰ 'ਤੇ ਘਟਨਾ ਸਥਾਨ ਦਾ ਦੌਰਾ ਕਰਕੇ ਚਲ ਰਹੇ ਰਾਹਤ ਅਤੇ ਬਚਾਅ ਕਾਰਜਾਂ ਦੀ ਨਿਗਰਾਨੀ ਕਰਨ ਤੋਂ ਇਲਾਵਾ ਦੁਖੀ ਪਰਿਵਾਰ ਦੇ ਮੈਂਬਰਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਉਣ ਲਈ ਹਿਮਾਚਲ ਪ੍ਰਦੇਸ਼ ਪ੍ਰਸ਼ਾਸਨ ਨਾਲ ਤਾਲਮੇਲ ਕਰਨ ਵਾਸਤੇ ਤਾਇਨਾਤ ਕੀਤਾ ਗਿਆ ਹੈ।

## ਤੀਸਤਾ ਨੂੰ ਬੰਬੇ...

ਨੂੰ ਅਦਾਲਤ ਦੀ ਉਲੰਘਣਾ ਨਾ ਕਰਨ ਦੀ ਚੇਤਾਵਨੀ ਦਿੱਤੀ ਗਈ। ਸੀਬੀਆਈ ਨੇ ਸੀਤਲਵਾੜ ਅਤੇ ਜਾਵੇਦ ਅਨੰਦ ਖਿਲਾਫ਼ 8 ਜੁਲਾਈ ਨੂੰ ਮਾਮਲਾ ਦਰਜ ਕੀਤਾ ਸੀ, ਜਿਸ ਵਿੱਚ ਦੋਸ਼ ਹੈ ਕਿ ਉਨ੍ਹਾਂ ਦੀ ਫ਼ਰਮ ਸਬਰੰਗ ਕਮਿਊਨੀਕੇਸ਼ਨ ਐਂਡ ਪਬਲੀਸ਼ਿੰਗ ਪ੍ਰਾਈਵੇਟ ਲਿਮਟਿਡ ਨੇ ਵਿਦੇਸ਼ੀ ਯੋਗਦਾਨ ਨਿਯਮ ਕਾਨੂੰਨ (ਐਫ਼ਸੀਆਰਏ) ਦੀ ਉਲੰਘਣਾ ਕਰਦਿਆਂ 2.9 ਲੱਖ ਅਮਰੀਕੀ ਡਾਲਰ (18 ਕਰੋੜ ਰੁਪਏ) ਹਾਸਲ ਕੀਤੇ ਸਨ।

## ਖੇਤੀਬਾੜੀ ਮੰਤਰੀ ਦਾ...

ਕਰਾਇਮ ਰਿਕਾਰਡ ਬਿਊਰੋ ਅਨੁਸਾਰ ਕਿਸਾਨਾਂ ਦੀ ਖ਼ੁਦਕਸ਼ੀ ਦੀ ਵਜ੍ਹਾ ਉਨ੍ਹਾਂ ਦੀਆਂ ਪਰਿਵਾਰਕ ਸਮੱਸਿਆਵਾਂ, ਬਿਮਾਰੀ, ਨਸ਼ਾ ਦੀ ਲਤ, ਦਹੇਜ, ਪ੍ਰੇਮ ਸਬੰਧ ਤੇ ਨਿਪੁੰਸਕਤਾ ਹੈ, ਜਿਸ ਦੇ ਚੱਲਦਿਆਂ ਕਿਸਾਨਾਂ ਨੇ ਆਤਮ ਹੱਤਿਆਵਾਂ ਕੀਤੀਆਂ। ਹਾਲਾਂਕਿ ਉਨ੍ਹਾਂ ਨੇ ਕਰਜ਼ੇ ਨੂੰ ਵੀ ਮੌਤ ਦਾ ਇੱਕ ਕਾਰਨ ਮੰਨਿਆ ਹੈ। ਵਿਰੋਧੀ ਪਾਰਟੀਆਂ ਨੇ ਖੇਤੀਬਾੜੀ ਮੰਤਰੀ ਦੇ ਬਿਆਨ ਦਾ ਸਖ਼ਤ ਵਿਰੋਧ ਕੀਤਾ ਹੈ। ਰਾਹੁਲ ਗਾਂਧੀ ਨੇ ਖੇਤੀਬਾੜੀ ਮੰਤਰੀ ਦੇ ਬਿਆਨ 'ਤੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੇ ਮੰਤਰੀ ਕਿਸਾਨਾਂ ਦੇ ਘਰ ਜਾਣ ਅਤੇ ਦੇਖਣ ਕਿ ਕੀ ਹਾਲਾਤ ਹਨ।

## ਜੰਮੂ ਕਸ਼ਮੀਰ : ਜੁੰਮੇ...

ਕੰਪਨੀਆਂ 'ਤੇ ਹੋ ਰਹੇ ਦਹਿਸ਼ਤਵਾਦ ਹਮਲਿਆਂ ਦੇ ਪਿੱਛੇ ਮੁਜ਼ਾਹੀਦੀਨਾਂ ਨੂੰ ਆਪਣੀ ਮੁਖ਼ਬਰੀ (ਜਾਸੂਸੀ) ਦਾ ਡਰ ਹੈ। ਇਸ ਦੇ ਇੱਕ ਦਿਨ ਪਹਿਲਾਂ ਹੀ ਵੀਰਵਾਰ ਨੂੰ ਹਿਜਬੁਲ ਨੇ ਆਪਣੇ ਇੱਕ ਦਹਿਸ਼ਤਵਾਦ ਨੂੰ ਮੋਬਾਇਲ ਦੇ ਖੰਭਿਆਂ 'ਤੇ ਹਮਲਾ ਕਰਨ ਅਤੇ ਆਮ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾ ਕੇ ਸੰਗਠਨ ਦੀ ਮੈਂਬਰਸ਼ਿਪ ਤੋਂ ਬਰਖ਼ਾਸ਼ਤ ਕਰਨ ਦਾ ਦਾਅਵਾ ਕੀਤਾ ਹੈ।

## 163 ਪ੍ਰੋਜੈਕਟਾਂ ਰਾਹੀਂ ...

ਹਰ ਸੰਭਵ ਸਹਾਇਤਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਕ ਕ੍ਰਾਂਤੀਕਾਰੀ ਕਦਮ ਤਹਿਤ ਪੰਜਾਬ ਸਰਕਾਰ ਵਲੋਂ ਪੰਜਾਬ ਇਨਵੈਸਟਰ ਆਫਿਸ ਦੀ ਸਥਾਪਨਾ ਕੀਤੀ ਗਈ, ਜਿਸਦੇ ਮੁੱਖ ਕਾਰਜਕਾਰੀ ਅਧਿਕਾਰੀ ਨੂੰ 30 ਵਿਭਾਗਾਂ ਦੀਆਂ ਸ਼ਕਤੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਅਜਿਹਾ ਤਜ਼ਰਬਾ ਕਿਸੇ ਵੀ ਸਰਕਾਰ ਵਲੋਂ ਨਹੀਂ ਕੀਤਾ ਗਿਆ ਅਤੇ ਇਸਦੇ ਬਹੁਤ ਸਾਰਥਿਕ ਨਤੀਜੇ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ 'ਕਿਸੇ ਵੀ ਪ੍ਰਾਜੈਕਟ ਦੀ ਸਥਾਪਨਾ ਲਈ ਲੋੜੀਂਦੀਆਂ ਮਨਜ਼ੂਰੀਆਂ ਲਈ ਲੱਗਣ ਵਾਲਾ ਸਮਾਂ ਕੇਵਲ 38 ਦਿਨ ਰਹਿ ਗਿਆ ਹੈ, ਜਿਸ ਨੂੰ ਹੋਰ ਘਟਾਕੇ 30 ਦਿਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਨਵੈਸਟ ਪੰਜਾਬ ਤਹਿਤ ਹੀ 163 ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ, ਜਿਨ੍ਹਾਂ ਤਹਿਤ 15000 ਕਰੋੜ ਰੁਪੈ ਦਾ ਨਿਵੇਸ਼ ਹੋਣ ਦੇ ਨਾਲ-ਨਾਲ ਇਹ ਵਿਭਾਗ ਸਾਰੇ ਦੇਸ਼ ਲਈ ਰਾਹ ਦਸੇਰਾ ਬਣ ਗਈ ਹੈ।

ਸ. ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਨਿਵੇਸ਼ ਪ੍ਰਕ੍ਰਿਆ ਏਨੀ ਆਸਾਨ ਕਰ ਦਿੱਤੀ ਗਈ ਹੈ ਕਿ ਨਿਵੇਸ਼ਕਾਂ ਨੂੰ ਕੇਵਲ ਇਕ ਵਿਅਕਤੀ, ਇਕ ਫੋਨ ਨੰਬਰ ਤੇ ਇਕ ਸਿਰਨਾਵੇਂ 'ਤੇ ਹੀ ਸੰਪਰਕ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ 'ਪੰਜਾਬ ਸਰਕਾਰ ਵਲੋਂ ਸਥਾਪਿਤ ਕੀਤੀ ਗਈ ਵਿਵਸਥਾ ਏਨੀ ਸਫਲ ਰਹੀ ਹੈ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵਲੋਂ ਇਸਦੇ ਮੁਲਾਂਕਣ ਲਈ ਇਕ ਟੀਮ ਭੇਜੀ ਗਈ ਹੈ'। ਉਨ੍ਹਾਂ ਕਿਹਾ ਕਿ ' ਮੈਂ ਮਹਿਸੂਸ ਕਰਦਾ ਹਾਂ ਕਿ ਕੇਂਦਰ ਸਰਕਾਰ ਨੂੰ ਵੀ ਪੰਜਾਬ ਦੀ ਤਰਜ਼ 'ਤੇ ਇਨਵੈਸਟ ਇੰਡੀਆ ਦਫਤਰ ਦੀ ਸਥਾਪਨਾ ਕਰਨੀ ਚਾਹੀਦੀ ਹੈ ਤਾਂ ਜੋ ਨਿਵੇਸ਼ਕਾਂ ਨੂੰ ਕੋਈ ਦਿੱਕਤ ਪੇਸ਼ ਨਾ ਆਵੇ'

ਕੁਝ ਦੇਸ਼ਾਂ ਦੇ ਰਾਜਦੂਤਾਂ ਤੇ ਵੱਖ-ਵੱਖ ਉਦਯੋਗਿਕ ਤੇ ਵਪਾਰਕ ਸੰਸਥਾਵਾਂ ਦੇ ਪ੍ਰਤੀਨਿਧੀਆਂ ਵਲੋਂ ਉਪ ਮੁੱਖ ਮੰਤਰੀ ਨਾਲ ਵਿਚਾਰ ਚਰਚਾ ਕੀਤੀ ਗਈ। ਦੱਖਣੀ ਕੋਰੀਆ ਦੇ ਰਾਜਦੂਤ ਜੂਨ ਗਿਊ ਲੀ ਨੇ ਪੰਜਾਬ ਸਰਕਾਰ ਦੀਆਂ ਨਿਵੇਸ਼ਕ ਪੱਖੀ ਨੀਤੀਆਂ ਦਾ ਸਮਰਥਨ ਕਰਦੇ ਹੋਏ ਵਿਸ਼ੇਸ਼ ਕਰਕੇ ਵੈਟ ਵਿਚ ਛੋਟ ਦਾ ਜ਼ੋਰਦਾਰ ਸਵਾਗਤ ਕੀਤਾ। ਚੀਨ ਦੇ ਪ੍ਰਤੀਨਿਧੀਆਂ ਵਲੋਂ ਵੀ ਪੰਜਾਬ ਵਿਚ ਮੌਜੂਦ ਨਿਵੇਸ਼ਕ ਪੱਖੀ ਮਾਹੌਲ ਤੇ ਜ਼ਮੀਨ ਐਕਵਾਇਰ ਕਰਨ ਦੀ ਆਦਰਸ਼ ਨੀਤੀ ਲਈ ਪੰਜਾਬ ਸਰਕਾਰ ਦੀ ਸ਼ਲਾਘਾ ਕੀਤੀ। ਅਨੇਕਾਂ ਹੋਰ ਪ੍ਰਵਾਸੀ ਨਿਵੇਸ਼ਕਾਂ ਨੇ ਪੰਜਾਬ ਸਰਕਾਰ ਵਲੋਂ ਨਿਵੇਸ਼ਕਾਂ ਲਈ ਕੀਤੇ ਯਤਨਾਂ ਤੇ ਰਿਆਇਤਾਂ ਬਾਰੇ ਜਾਨਣ ਵਿਚ ਉਤਸੁਕਤਾ ਦਿਖਾਈ।

ਇਸ ਮੌਕੇ ਪੰਜਾਬ ਨਿਵੇਸ਼ ਬਿਊਰੋ ਦੇ ਮੁੱਖ ਕਾਰਜਕਾਰੀ ਅਧਿਕਾਰੀ ਸ਼੍ਰੀ ਅਨੁਰਿਧ ਤਿਵਾੜੀ ਨੇ ਵਪਾਰਕ ਪ੍ਰਤੀਨਿਧਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਵਿਚ ਸ਼ਾਂਤਮਈ ਮਾਹੌਲ ਦੇ ਨਾਲ-ਨਾਲ ਵਪਾਰਕ ਗਤੀਵਿਧੀਆਂ ਲਈ ਉਸਾਰੂ ਮਾਹੌਲ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਵਪਾਰਕ ਰਿਆਇਤਾਂ ਵੀ ਸਾਰੇ ਦੇਸ਼ ਵਿਚ ਸਭ ਤੋਂ ਜਿਆਦਾ ਹਨ। ਉਨ੍ਹਾਂ ਪ੍ਰਵਾਸੀ ਨਿਵੇਸ਼ਕਾਂ ਨੂੰ ਸੱਦਾ ਦਿੱਤਾ ਕਿ ਉਹ ਪੰਜਾਬ ਦੇ ਬਿਹਤਰੀਨ ਬੁਨਿਆਦੀ ਢਾਂਚੇ, ਨਿਰਵਿਘਨ ਬਿਜਲੀ ਸਪਲਾਈ ਤੇ ਨਿਵੇਸ਼ਕਾਂ ਲਈ ਸਹੂਲਤਾਂ ਦਾ ਲਾਭ ਉਠਾਉਣ।

ਨਿਵੇਸ਼ਕ ਸੰਮੇਲਨ ਸਬੰਧੀ ਹੋਏ ਸ਼ੈਸ਼ਨ ਦੌਰਾਨ ਮੁੱਖ ਤੌਰ 'ਤੇ ਦੱਖਣੀ ਕੋਰੀਆ ਦੇ ਰਾਜਦੂਤ ਜੂਨ ਗਿਊ ਲੀ, ਮੋਰਾਕੋ ਦੇ ਰਾਜਦੂਤ ਲਰਬੀ ਰੀਫਾਗ,ਤਾਈਵਾਨ ਦੇ ਆਰਥਿਕ ਸਕੱਤਰ ਜੈਫ ਹੁਆਂਗ, ਪੋਲੈਂਡ ਦੀ ਵਪਾਰਕ ਵਿਕਾਸ ਮੈਨੇਜ਼ਰ ਸੀਮਸ ਬਹਿਲ, ਪ੍ਰਮੁੱਖ ਵਪਾਰਕ ਅਧਿਕਾਰੀ (ਉੱਤਰੀ ਭਾਰਤ) ਰਾਬਿਨ ਕੈਸੇਲਰ, ਉੱਤਰੀ ਭਾਰਤ ਦੇ ਕੋਆਰਡੀਨੇਟਰ ਜੋਨਾਥਨ ਕੈਸਲਰ,ਚੀਨ ਦੀ ਮਨਿਸਟਰ ਕੌਂਸਲਰ ਲੀ ਬੀਜਾਨ, ਯੂ.ਕੇ. ਦੇ ਉਪ ਹਾਈ ਕਮਿਸ਼ਨਰ ਡੇਵਿਡ ਲੀਏਟ, ਵਿਨੈ ਗੁਪਤਾ ਟਰੇਡ ਕਮਿਸ਼ਨਰ (ਦਿੱਲੀ ਦਫਤਰ), ਗੁਰਬੰਸ ਸੋਬਤੀ ਟਰੇਡ ਕਮਿਸ਼ਨਰ (ਚੰਡੀਗੜ੍ਹ ਦਫਤਰ) ਕੈਨੇਡਾ , ਲੀਕਾ ਮਾਨ ਕੌਂਸਲਰ ਆਰਥਿਕ ਸੇਵਾਵਾਂ ਫਰਾਂਸ, ਟਰੇਡ ਕਮਿਸ਼ਨਰ ਜੀਓਰੀ ਹਾਰਵੇ, ਨੇਹਾ ਗਰੋਵਰ ਬਿਜਨਸ ਡਿਵੈਲਪਮੈਂਟ ਮੈਨੇਜਮੈਂਟ ਐਜੂਕੇਸ਼ਨ , ਆਸਟ੍ਰੇਲੀਆ, ਵੀ.ਏ. ਇਸਕਨਦਰ ਸੈਕਿੰਡ ਸੈਕਟਰੀ ( ਆਰਥਿਕ ਮਾਮਲੇ) ਮਲੇਸ਼ੀਆ, ਚਿਟਰਾਪੋਰਨ ਲੀਟਾਵੈਵਿਟ ਸੈਕਿੰਡ ਸੈਕਟਰੀ (ਆਰਥਿਕ ਮਾਮਲੇ), ਸੀ.ਪੀ.ਐਸ. ਥਾਈ ਫੂਡ ਕੰਪਨੀ ਦੇ ਮਾਲਕ ਟੈਪ ਟੇਪਸੇਟਿਟ , ਇਲੀਟਰਾ ਵੀਰੋਨ ਸੈਕਿੰਡ ਸੈਕਟਰੀ (ਆਰਥਿਕ ਤੇ ਕਾਮਰਸ), ਐਨਤੋਲੀਆ ਸਿਮੋਨੀਲੀ ਸੀਨੀਅਰ ਵਪਾਰਕ ਅਧਿਕਾਰੀ,ਡਾ. ਅਮੈਂਦੋ ਸਕਾਰਪਰਾ ਟਰੇਡ ਕਮਿਸ਼ਨਰ , ਡਾ. ਮਾਰਟੀਨੋ ਕੈਸਟੀਲਾਨੀ ਡਿਪਟੀ ਟਰੇਡ ਕਮਿਸ਼ਨਰ ਇਟਲੀ, ਕਸ਼ਨਨ ਦਾਰਾ ਫਸਟ ਸੈਕਟਰੀ (ਆਰਥਿਕ) ਸਿੰਗਾਪੁਰ, ਕਾਰਲੋਸ ਜਿਮੈਂਜ , ਐਦਾ ਪੀਰਿਜ਼ ਪੋਮਾਰਸ, ਮੁੱਖ ਆਰਥਿਕ ਤੇ ਵਪਾਰਕ ਕੌਂਸਲਰ ਇਨੈਵਸਟਮੈਂਟ ਸਲਾਹਕਾਰ , ਸਪੇਨ, ਬੈਲਜ਼ੀਅਮ ਦੀ ਆਰਥਿਕ ਕੌਂਸਲਰ ਐਨਟੋਨੀ ਡੈਲਕੋਰਟ, ਸਵੀਡਨ ਦੇ ਸੈਕਿੰਡ ਸੈਕਟਰੀ ਪੈਟਸੀ ਮੌਟੈਚ ਤੇ ਮਾਰਕਸ ਹੋਲਕਨੈਕਟ ਹਾਜ਼ਰ ਸਨ।

## ਲੋਕ ਸੰਪਰਕ ਵਿਭਾਗ...

ਲੁਭਾਇਆ ਏਪੀਆਰਓ ਨੂੰ ਪਠਾਨਕੋਟ ਤੈਨਾਤ ਕੀਤਾ ਗਿਆ ਹੈ ਅਤੇ ਪਰਮਜੀਤ ਕੌਰ ਏਪੀਆਰਓ ਨੂੰ ਏਪੀਆਈਓ (ਆਰਟੀਆਈ) ਤੇ ਉਤਪਾਦਨ ਸ਼ਾਖਾ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਬੁਲਾਰੇ ਨੇ ਇਹ ਵੀ ਦੱਸਿਆ ਕਿ ਹਰੀਸ਼ ਚੰਦਰ ਏਪੀਆਰਓ (ਰੋਪੜ) ਨੂੰ ਇਸ ਸਥਾਨ ਵਿਖੇ ਹੀ ਬਰਕਰਾਰ ਰੱਖਿਆ ਗਿਆ ਹੈ ਤੇ ਸ੍ਰੀ ਆਨੰਦਪੁਰ ਸਾਹਿਬ ਦਾ ਵਾਧੂ ਚਾਰਜ਼ ਦਿੱਤਾ ਗਿਆ ਹੈ। ਪੁਨੀਤ ਪਾਲ ਸਿੰਘ ਗਿੱਲ ਏਪੀ ਆਰਓ (ਲੁਧਿਆਣਾ) ਨੂੰ ਵੀ ਆਪਣੇ ਪਹਿਲਾਂ ਵਾਲੇ ਸਥਾਨ ਉੱਤੇ ਹੀ ਬਰਕਰਾਰ ਰੱਖਿਆ ਗਿਆ ਹੈ।

## ਮੋਦੀ ਰਾਜ ਸਭਾ...

ਸਿਲਸਿਲਾ ਵੱਧਦਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਮੰਤਰੀ ਨੇ ਕਿਹਾ ਕਿ ਪਰਿਵਾਰਕ ਸਮੱਸਿਆਵਾਂ, ਬਿਮਾਰੀ, ਦਾਜ, ਪਿਆਰ ਸਬੰਧੀ ਮਾਮਲੇ ਤੇ ਕਮਜ਼ੋਰੀ ਸਮੇਤ ਕਰਜਾ ਆਤਮ ਹੱਤਿਆਵਾਂ ਦੇ ਕਾਰਨਾਂ 'ਚੋਂ ਇਕ ਹੈ। ਉਨ੍ਹਾਂ ਕਿਹਾ ਕਿ ਦੇਸ਼ ਦਾ ਪੇਟ ਪਾਲਣ ਵਾਲਿਆਂ ਨਾਲ ਵਾਪਰਨ ਵਾਲੀ ਰਾਸ਼ਟਰੀ ਤ੍ਰਾਸਦੀ ਨੂੰ ਅਜਿਹੇ ਤਰੀਕੇ ਨਾਲ ਛਿਪਾਉਣਾ ਨਾ ਸਿਰਫ ਕਿਸਾਨ ਸਮਾਜ ਦੀ ਬੇਅਦਬੀ ਹੈ, ਬਲਕਿ ਬਹੁਤ ਹੀ ਸ਼ਰਮਨਾਕ ਤੇ ਘਟੀਆ ਸੋਚ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਖੇਤੀਬਾੜੀ ਮੰਤਰੀ ਵੱਲੋਂ ਦਿੱਤਾ ਗਿਆ ਇਹ ਬਹੁਤ ਹੀ ਗਲਤ ਬਿਆਨ ਇਸ ਸਰਕਾਰ ਦੀ ਕਿਸਾਨਾਂ ਪ੍ਰਤੀ ਨਫਰਤ ਨੂੰ ਸਪੱਸ਼ਟ ਕਰਦਾ ਹੈ ਤੇ ਇਹ ਕਿਸਾਨਾਂ ਦਾ ਖਾਤਮਾ ਕਰਨ ਦੀ ਤਿਆਰੀ ਪ੍ਰਤੀਤ ਹੁੰਦਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਰਾਧਾ ਮੋਹਨ ਸਿੰਘ ਵੱਲੋਂ ਰਾਜ ਸਭਾ 'ਚ ਦਿੱਤਾ ਗਿਆ ਬਿਆਨ ਇਸ ਸਰਕਾਰ ਦੀ ਕਿਸਾਨਾਂ ਦਾ ਅਕਸ ਖ਼ਰਾਬ ਕਰਨ ਤੇ ਕਾਰਪੋਰੇਟ ਸੈਕਟਰ ਨੂੰ ਖੁਸ਼ ਕਰਨ ਲਈ ਉਨ੍ਹਾਂ ਦੀਆਂ ਜ਼ਮੀਨਾਂ ਕਬਜ਼ਾਉਣ ਦੀ ਸਾਜਿਸ਼ ਦਾ ਹਿਸਾ ਪ੍ਰਤੀਤ ਹੁੰਦਾ ਹੈ, ਜਿਨ੍ਹਾਂ ਨੇ ਸੱਤਾਧਾਰੀ ਪਾਰਟੀ ਨੂੰ ਪ੍ਰਚਾਰ ਲਈ ਪੈਸੇ ਦਿੱਤੇ ਸਨ।

ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਆਤਮ ਹੱਤਿਆਵਾਂ 'ਤੇ ਤਿੰਨ ਯੂਨੀਵਰਸਿਟੀਆਂ ਵੱਲੋਂ ਪੰਜਾਬ 'ਚ ਕੀਤੀ ਗਈ ਜਾਂਚ ਸਪੱਸ਼ਟ ਕਰਦੀ ਹੈ ਕਿ ਕਰਜ਼ੇ ਹੇਠਾਂ ਦੱਬਣਾ ਉਨ੍ਹਾਂ ਵੱਲੋਂ ਆਤਮ ਹੱਤਿਆਵਾਂ ਦਾ ਮੁੱਖ ਕਾਰਨ ਹੈ। ਉਨ੍ਹਾਂ ਕਿਹਾ ਕਿ ਆਏ ਦਿਨ ਕਿਸਾਨਾਂ ਵੱਲੋਂ ਆਤਮ ਹੱਤਿਆਵਾਂ ਬਾਰੇ ਰਿਪੋਰਟਾਂ ਆ ਰਹੀਆਂ ਹਨ, ਜਿਸ ਪਿਛੇ ਕਾਰਨਾਂ ਨੂੰ ਹੁਣ ਕਰਜੇ ਦੇ ਬੋਝ ਦੀ ਬਜਾਏ ਹੋਰ ਪ੍ਰੇਸ਼ਾਨੀ ਦੱਸਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਰਿਪੋਰਟ ਖੁਲਾਸਾ ਕਰਦੀ ਹੈ ਕਿ 65.75 ਪ੍ਰਤੀਸ਼ਤ ਕਿਸਾਨਾਂ 'ਚੋਂ ਆਤਮ ਹੱਤਿਆ ਕਰਨ ਵਾਲੇ ਕਿਸਾਨ 30 ਤੋਂ 60 ਸਾਲਾਂ ਦੀ ਉਮਰ ਦੇ ਹਨ, ਜਦਕਿ 59 ਦੀ ਉਮਰ 18 ਤੋਂ ਘੱਟ ਹੈ। ਇੱਥੋਂ ਤੱਕ ਕਿ 2014 'ਚ ਹਰ ਘੰਟੇ 15 ਲੋਕਾਂ ਨੇ ਆਪਣੀਆਂ ਜਾਨਾਂ ਦਿੱਤੀਆਂ ਹਨ। ਐਨਸੀਆਰਬੀ ਮੁਤਾਬਕ 2013 'ਚ 134799 ਤੋਂ ਅੰਕੜੇ ਘੱਟ ਕੇ 2014 'ਚ 13166 ਪਹੁੰਚ ਗਏ ਹਨ।

ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੂੰ ਆਪਣਾ ਸਿਰ ਸ਼ਰਮ ਨਾਲ ਝੁਕਾ ਲੈਣਾ ਚਾਹੀਦਾ ਹੈ ਤੇ ਪ੍ਰਧਾਨ ਮੰਤਰੀ ਨੂੰ ਖੁਦ ਆਪਣੇ ਖੇਤੀਬਾੜੀ ਮੰਤਰੀ ਵੱਲੋਂ ਕੀਤੇ ਕਿਸਾਨਾਂ ਖਿਲਾਫ ਇਸ ਅਪਰਾਧ ਲਈ ਮੁਆਫੀ ਮੰਗਣੀ ਚਾਹੀਦੀ ਹੈ।

**LWS KNITWEAR LIMITED**
Regd. Office – G T Road –West, Ludhiana 141008 (Pb)
CIN-L17115PB1989PLC009315,
Tele-01612744500,
Email- info@lwsknitwear.com

**COMPANY NOTICE**

Notice is hereby given that a meeting of Board of Directors of LWS Knitwear Limited will be held on 31st July, 2015 at 11.00 am on Friday at registered office of the Company to inter alia consider unaudited financial results for the quarter ended on 30th June, 2015.

Place- Ludhiana
Date- 22.07.2015

for LWS KNITWEAR LIMITED
Sd\- GIRISH KAPOOR (M.D.)
DIN – 01870917

# ਸਾਬਕਾ ਫੌਜੀ ਕਰਨਗੇ ਰੱਖਿਆ ਮੰਤਰੀ ਦੇ ਸਮਾਗਮ ਦਾ ਬਾਈਕਾਟ

**ਚੰਡੀਗੜ੍ਹ/ਵੀ ਪੀ ਸਿੰਘ ਨਾਗਰਾ**

ਸਰਬ ਹਿੰਦ ਫੌਜੀ ਭਾਈਚਾਰਾ ਪੰਜਾਬ ਦੇ ਪ੍ਰਧਾਨ ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸਾਬਕਾ ਫੌਜੀਆਂ ਵੱਲੋਂ 25 ਜੁਲਾਈ ਨੂੰ ਮੋਹਾਲੀ ਵਿਖੇ ਇੱਕ ਸਮਾਗਮ ਵਿੱਚ ਪਹੁੰਚ ਰਹੇ ਕੇਂਦਰੀ ਰੱਖਿਆ ਮੰਤਰੀ ਮਨੋਹਰ ਪਾਰੀਕਰ ਦਾ ਕਾਲੇ ਝੰਡਿਆਂ ਨਾਲ ਸਵਾਗਤ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਫੌਜੀਆਂ ਲਈ ਇੱਕ ਰੈਂਕ ਇੱਕ ਪੈਨਸ਼ਨ ਨੂੰ ਲਾਗੂ ਕਰਨ ਤੋਂ ਭੱਜਣ ਦੇ ਰੋਸ ਵਜੋਂ ਸਾਬਕਾ ਫੌਜੀਆਂ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਦੇਸ਼ ਵਿੱਚ ਸਰਕਾਰ ਵੱਲੋਂ ਕੀਤੇ ਜਾਂਦੇ ਸਮਾਗਮਾਂ ਦਾ ਬਾਈਕਾਟ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵਿੱਚ 15 ਅਗਸਤ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪੰਜਾਬ, ਚੰਡੀਗੜ੍ਹ ਤੇ ਹਰਿਆਣਾ ਦੀਆਂ ਸਾਬਕਾ ਫੌਜੀਆਂ ਦੀਆਂ ਜਥੇਬੰਦੀਆਂ ਨੇ ਸਰਬ ਸੰਮਤੀ ਨਾਲ 13 ਜੁਲਾਈ ਨੂੰ ਫੈਸਲਾ ਲਿਆ ਕਿ 25 ਜੁਲਾਈ ਨੂੰ ਮੋਹਾਲੀ ਵਿਖੇ ਹੋ ਰਹੇ ਇੱਕ ਸਮਾਗਮ ਜਿਸ ਵਿੱਚ ਕਿ ਕੇਂਦਰੀ ਮੰਤਰੀ ਮਨੋਹਰ ਪਾਰੀਕਰ ਸ਼ਿਰਕਤ ਕਰਨਗੇ ਦਾ ਕਾਲੇ ਝੰਡਿਆਂ ਨਾਲ ਸਵਾਗਤ ਕੀਤਾ ਜਾਵੇਗਾ।

# ਭਾਰਤੀ ਹਾਲਤਾਂ ਲਈ ਢੁਕਵੇਂ ਨਹੀਂ ਸਮਾਰਟ ਸ਼ਹਿਰ

ਸ.ਫਾ ਚਾਰ ਦਾ ਬਾਕੀ

ਸਰਕਾਰ ਪਹਿਲਾਂ ਪ੍ਰਚਾਰ ਕਰਦੀ ਸੀ ਕਿ ਸ਼ਹਿਰਾਂ ਦੀ ਚੋਣ ਅਤੇ ਯੋਜਨਾ ਦੇ ਸੂਤਰੀਕਰਨ ਦੀ ਪ੍ਰਕਿਰਿਆ 'ਚ ਰਾਜਾਂ ਨੂੰ ਅਗਵਾਈ ਵਾਲਾ ਰੋਲ ਅਦਾ ਕਰਨ ਦਾ ਮੌਕਾ ਦੇਵੇਗੀ। ਪਰ ਅਸਲ 'ਚ ਇਹ ਕੁਝ ਨਹੀਂ ਹੋਇਆ।

ਇਸ ਯੋਜਨਾ 'ਚ ਫੰਡਿੰਗ ਦਾ ਢਾਂਚਾ ਵੀ ਅਜੀਬ ਲੱਗਦਾ ਹੈ। ਬੁਨਿਆਦੀ ਢਾਂਚੇ ਨੂੰ ਪਹਿਲਾਂ ਬਹੁਤ ਮਹੱਤਤਾ ਦਿੱਤੀ ਗਈ ਸੀ। ਹੁਣ ਬੁਨਿਆਦੀ ਢਾਂਚਾ ਜਾਂ ਨਿੱਜੀ ਨਿਵੇਸ਼ਕਾਂ ਦੁਆਰਾ ਜਾਂ ਪੀਪੀਪੀ, ਦੁਆਰਾ ਖੜ੍ਹਾ ਕੀਤਾ ਜਾਵੇਗਾ। ਇਸ ਦਾ ਨਿਰਮਾਣ ਰਾਜ ਸਰਕਾਰਾਂ ਜਾਂ ਸੰਬੰਧਤ ਕਮੇਟੀਆਂ ਨਿਵੇਸ਼ ਜੁਟਾ ਕੇ ਕਰਨਗੀਆਂ। ਕੇਂਦਰ ਸਰਕਰ ਦਾ ਯੋਗਦਾਨ ਚਾਲੂ ਗੈਪ ਭਰਨ ਲਈ ਸਹਾਇਤਾ ਦੇ ਰੂਪ 'ਚ ਹਾਸਲ ਹੋਵੇਗਾ।

'ਅਮ੍ਰਿਤ' ਪ੍ਰੋਗਰਾਮ ਅਸਲ 'ਚ ਇਸ ਤੋਂ ਪਹਿਲਾਂ ਦੇ ਜਵਾਹਰ ਲਾਲ ਨਹਿਰੂ 'ਨੈਸ਼ਨਲ ਅਰਬਨ ਰਿਨਿਊਅਲ ਮਿਸ਼ਨ (ਜੈਐਨਐਨਯੂਆਰਐਮ) ਦਾ ਹੀ ਥੋੜ੍ਹਾ ਜਿਹਾ ਬਦਲਿਆ ਰੂਪ ਹੈ। ਇਸ ਬਾਰੇ ਸਭ ਮੰਨਦੇ ਹਨ ਕਿ ਇਹ ਯੋਜਨਾ ਕਾਮਯਾਬ ਨਹੀਂ ਹੋਈ ਸੀ। 'ਅਮ੍ਰਿਤ' ਯੋਜਨਾ ਤਹਿਤ ਆਉਣ ਵਾਲੇ ਸ਼ਹਿਰਾਂ ਤੇ ਕਸਬਿਆਂ ਦਾ ਬੁਨਿਆਦੀ ਢਾਂਚਾ ਖੜ੍ਹਾ ਕਰਨ ਤੇ ਅਜਿਹੀਆਂ 'ਸਮਾਰਟ' ਵਿਸ਼ੇਸ਼ਤਾਵਾਂ ਦੇ ਸਹਾਰੇ ਉੱਨਤ ਬਣਾਇਆ ਜਾਣਾ ਹੈ, ਜਿਸ ਨਾਲ ਭਵਿੱਖ 'ਚ ਉਹ ਸਮਾਰਟ ਸ਼ਹਿਰ ਬਣ ਸਕਨ।

'ਜੇਐਨਯੂਆਰਐਮ' ਨੇ ਸ਼ਹਿਰ ਬਣਾਉਂਦੇ ਸਮੇਂ ਬੁਨਿਆਦੀ ਢਾਂਚੇ ਦਾ ਨਿਰਮਾਣ ਇਸ ਤਰ੍ਹਾਂ ਕੀਤਾ, ਜੋ ਨਿੱਜੀ ਵਾਹਨਾਂ ਦੇ ਪੱਖ 'ਚ ਜਾਂਦਾ ਹੈ। ਇਹ ਪੈਦਲ ਚੱਲਣ ਵਾਲਿਆਂ ਦੇ ਖ਼ਿਲਾਫ਼ ਜਾਂਦਾ ਹੈ। ਫੰਡ ਦਾ 80 ਫੀਸਦੀ ਹਿੱਸਾ ਫਲਾਈ ਓਵਰ ਬਣਾਉਣ ਅਤੇ ਸੜਕਾਂ ਚੌੜੀਆਂ ਕਰਨ 'ਤੇ ਲਗਾਇਆ ਗਿਆ ਸੀ। ਇਸ ਲਈ ਇਹ ਯੋਜਨਾ ਕਾਮਯਾਬ ਨਾ ਹੋ ਸਕੀ।

ਇਸ 'ਚ ਕੋਈ ਸ਼ੱਕ ਨਹੀਂ ਕਿ ਭਾਰਤ 'ਚ ਸ਼ਹਿਰਾਂ ਦੇ ਕਸਬਿਆਂ ਨੂੰ ਯੋਜਨਾਬੱਧ ਦਖ਼ਲ-ਅੰਦਾਜ਼ੀ ਦੀ ਬੁਨਿਆਦੀ ਢਾਂਚਿਆਂ ਅਤੇ ਸੇਵਾਵਾਂ ਨੂੰ ਉੱਨਤ ਬਣਾਏ ਜਾਣ ਦੀ ਅਤੇ ਬਰਾਬਰਤਾ ਬਣਾਏ ਜਾਣ ਦੀ ਬਹੁਤ ਜ਼ਰੂਰਤ ਹੈ। ਸ਼ਹਿਰੀਕਰ ਦੀਆਂ ਪ੍ਰਕਿਰਿਆਵਾਂ ਦਾ ਜਿਸ ਢੰਗ ਨਾਲ ਅਧਿਐਨ ਹੋਇਆ ਹੈ, ਉਸ ਤੋਂ ਗੰਭੀਰਤਾ ਨਾਲ ਅਧਿਐਨ ਕੀਤੇ ਜਾਣ ਦੀ ਜ਼ਰੂਰਤ ਹੈ। ਇਸ ਦੇ ਨਾਲ ਹੀ ਸ਼ਹਿਰੀ ਤੇ ਪੇਂਡੂ ਦੋਵਾਂ ਖੇਤਰਾਂ 'ਚ ਉਦਯੋਗੀਕਰਨ, ਸੇਵਾਵਾਂ 'ਚ ਭੌਤਿਕ ਤੇ ਸਮਾਜਿਕ ਬੁਨਿਆਦੀ ਢਾਂਚੇ ਅਤੇ ਖੇਤੀ ਦੇ ਮਾਮਲਿਆਂ 'ਚ ਜ਼ਿਆਦਾ ਵਿਚਾਰਪੂਰਨ ਦਖ਼ਲ-ਅੰਦਾਜ਼ੀ ਦੀ ਜ਼ਰੂਰਤ ਹੈ। ਭਾਰਤ 'ਚ ਵਿਕਾਸ ਦੇ ਰਸਤੇ ਨੂੰ ਲੈ ਕੇ 'ਸਮਾਰਟ' ਸੋਚ ਦੀ ਜ਼ਰੂਰਤ ਹੈ, ਨਾ ਕਿ ਸਮਾਰਟ ਸ਼ਹਿਰਾਂ ਦੀ। ਜਿਸ ਤਰ੍ਹਾਂ ਦੇ ਸਮਾਰਟ ਸ਼ਹਿਰਾਂ ਦਾ ਖ਼ਿਆਲ ਕੀਤਾ ਗਿਆ ਹੈ, ਉਨ੍ਹਾਂ ਦੀ ਤਾਂ ਬਿਲਕੁਲ ਜ਼ਰੂਰਤ ਨਹੀਂ ਹੈ।